بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA



Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ


# ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਖ਼ਲੀਫ਼ਾ ਰਾਸ਼ਿਦ ਸੱਯਦਨਾ ਹਜ਼ਰਤ ਅਬੂ-ਬਕਰ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੂ ਅੱਲ੍ਹਾ ਤਆਲਾ ਬਿਨਸਰਹਿਲ-ਅਜ਼ੀਜ਼, 11 ਨਵੰਬਰ 2022 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. الرَّحْمٰنِ الرَّحِيْمِ. مٰلِكِ يَوْمِ الدِّيْنِ. إِيَّاكَ نَعْبُدُ وَ إِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ اَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ.

ਤਸ਼ਹੁਦ, ਤਾਊਜ਼ ਅਤੇ ਸੂਰਤੁਲ ਫਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ:

ਹਜ਼ਰਤ ਅਬੂ-ਬਕਰ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਚੱਲ ਰਿਹਾ ਸੀ। ਆਪ ਰਜ਼ੀ ਅੱਲਾਹ ਅੰਨਹੋ ਦੀ ਜੀਵਨੀ ਦਾ ਕੁੱਝ ਹਿੱਸਾ ਬਿਆਨ ਹੋ ਚੁੱਕਿਆ ਸੀ। ਇਸ ਬਾਰੇ ਜੋ ਰਵਾਯਤਾਂ ਹਨ। ਉਨ੍ਹਾਂ'ਚੋਂ ਇਹ ਵੀ ਹੈ ਕਿ ਆਪ ਖ਼ਾਨਦਾਨਾਂ ਦੇ ਮਾਹਰ ਸਨ ਅਤੇ ਕਵਿਤਾ ਦਾ ਸ਼ੌਕ ਵੀ ਰੱਖਣ ਵਾਲੇ ਸਨ। ਆਪ ਰਜ਼ੀ ਅੱਲਾਹ ਅੰਨਹੋ ਲੋਕਾਂ'ਚੋਂ ਸਭ ਤੋਂ ਵੱਧ ਅਰਬ ਵਾਲੀਆਂ ਦੇ ਖ਼ਾਨਦਾਨ ਜਾਣਦੇ ਸਨ। ਖ਼ਾਸ ਤੌਰ'ਤੇ ਕੁਰੈਸ਼ ਦੀਆਂ ਖ਼ੂਬੀਆਂ ਤੇ ਕਮੀਆਂ ਨੂੰ ਸਭ ਤੋਂ ਵੱਧ ਜਾਣਦੇ ਸਨ॥ ਪਰ ਆਪ ਰਜ਼ੀ ਅੱਲਾਹ ਅੰਨਹੋ ਉਨ੍ਹਾਂ ਦੀਆਂ ਕਮੀਆਂ ਦਾ ਜ਼ਿਕਰ ਨਹੀਂ ਕਰਦੇ ਸਨ। ਇਸੇ ਕਰਕੇ ਆਪ ਰਜ਼ੀ ਅੱਲਾਹ ਅੰਨਹੋ ਹਜ਼ਰਤ ਅਕੀਲ ਬਿਨ ਅਬੂ ਤਾਲਿਬ ਰਜ਼ੀ ਅੱਲਾਹ ਅੰਨਹੋ ਤੋਂ ਵੱਧ ਕੁਰੈਸ਼'ਚ ਮਾਣਯੋਗ ਸਨ। ਹਜ਼ਰਤ ਅਕੀਲ ਰਜ਼ੀ ਅੱਲਾਹ ਅੰਨਹੋ ਹਜ਼ਰਤ ਅਬੂ ਬਕਰ ਦੇ ਬਾਦ ਕੁਰੈਸ਼ ਦੇ ਖ਼ਾਨਦਾਨ ਅਤੇ ਉਨ੍ਹਾਂ ਦੇ ਵੱਡੇ ਵੱਡੇਰੀਆਂ ਅਤੇ ਉਨ੍ਹਾਂ ਦੀ ਖ਼ੂਬੀਆਂ ਤੇ ਕਮੀਆਂ ਦੇ ਬਾਰੇ'ਚ ਸਭ ਤੋਂ ਵੱਧ ਜਾਣਨ ਵਾਲੇ ਸਨ। ਪਰ ਹਜ਼ਰਤ ਅਕੀਲ ਰਜ਼ੀ ਅੱਲਾਹ ਅੰਨਹੋ ਕੁਰੈਸ਼ ਨੂੰ ਨਾ ਪਸੰਦ ਸਨ ਕਿਉਂਕਿ ਉਹ ਉਨ੍ਹਾਂ ਦੀਆ ਕਮੀਆਂ ਦਾ ਵੀ ਜ਼ਿਕਰ ਕਰਦਾ ਸਨ।

ਮੱਕਾ ਵਾਲੀਆਂ ਦੀ ਨਜ਼ਰ'ਚ ਹਜ਼ਰਤ ਅਬੂ-ਬਕਰ ਰਜ਼ੀ ਅੱਲਾਹ ਅੰਨਹੋ ਉਨ੍ਹਾਂ ਦੇ ਸਤੀਕਾਰੀਆਂ'ਚੋਂ ਸਨ। ਸੋ ਜੱਦੋ ਵੀ ਉਨ੍ਹਾਂ ਨੂੰ ਕੋਈ ਮੁਸ਼ਕਿਲ ਪੈਸ਼ ਆਉਂਦੀ ਤਾਂ ਉਹ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਤੋਂ ਮਦਦ ਮੰਗਦੇ ਸਨ। ਜੱਦੋਂ ਕੁਰੈਸ਼ ਦੇ ਸ਼ਾਇਰਾਂ ਨੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਨਿੰਦਾ'ਚ ਕਵਿਤਾ ਪੜ੍ਹੀ ਤਾਂ ਹਜ਼ਰਤ ਹਸਨ ਬਿਨ ਸਾਬਿਤ ਨੂੰ ਉਨ੍ਹਾਂ ਦੀ ਕਵਿਤਾ ਦਾ ਜਵਾਦ ਦੇਣ ਦੀ ਜ਼ਿੰਮੇਦਾਰੀ ਦਿੱਤੀ ਗਈ। ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਹਸਨ ਬਿਨ

ਸਾਬਿਤ ਰਜ਼ੀ ਅੱਲਾਹ ਅੰਨਹੋ ਨੂੰ ਫ਼ਰਮਾਇਆ ਕਿ ਕੁਰੈਸ਼ ਦੇ ਖ਼ਾਨਦਾਨ ਬਾਰੇ ਹਜ਼ਰਤ ਅਬੂ-ਬਕਰ ਰਜ਼ੀ ਅੱਲਾਹ ਨੂੰ ਪੁੱਛ ਲਿਆ ਕਰੋ। ਹਜ਼ਰਤ ਹਸਨ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੋ ਦੀ ਕਵਿਤਾ ਜੱਦੋਂ ਮੱਕਾ ਜਾਂਦੀ ਤਾਂ ਉਹ ਕਹਿੰਦੇ ਕਿ ਇਸ ਕਵਿਤਾ ਦੇ ਪਿੱਛੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਸਲਾਹ ਤੇ ਮਾਰਗ ਦਰਸ਼ਨ ਹੈ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਚਰਿਤੱਰ ਚਿਤਰਨ ਕਰਨ ਵਾਲੀਆਂ ਨੇ ਇਹ ਸਵਾਲ ਚੁੱਕਿਆ ਹੈ ਕਿ ਹਜ਼ਰਤ ਅਬੂ-ਬਕਰ ਰਜ਼ੀ ਅੱਲਾਹ ਅੰਨਹੋ ਨੇ ਕਵਿਤਾ ਕਹਿ ਸੀ ਜਾਂ ਨਹੀਂ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਪੰਜੀ ਕਸੀਦੀਆਂ'ਤੇ ਆਧਾਰਿਤ ਇੱਕ ਪੱਤਰ ਤੁਰਕੀ ਦੇ ਇੱਕ ਕਿਤਾਬ ਘਰ'ਚ ਮਿਲਿਆ ਹੈ। ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਕਵਿਤਾ ਹੈ। ਇਸ'ਚ ਕਿਸੇ ਲਿੱਖਣ ਵਾਲੇ ਨੇ ਇੱਥੇ ਤੱਕ ਲਿੱਖਿਆ ਹੈ ਕਿ ਮੈਨੂੰ ਇਸ ਕਵਿਤਾ ਦੀ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਬਾਰੇ ਨਸਬ ਦੀ ਤਸਦੀਕ ਇਲਹਾਮੀ ਤੌਰ'ਤੇ ਹੋਈ ਹੈ। ਤਬਕਾਤ ਇਬਨੇ ਸਅਦ ਅਤੇ ਸੀਰਤ ਇਬਨੇ ਹਸ਼ਾਮ ਨੇ ਇਹੀ ਲਿੱਖਿਆ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਕੁੱਝ ਸਤਰਾਂ ਲਿੱਖਿਆਂ ਸਨ।

ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਆਕਾਲ ਚਲਾਣੇ'ਤੇ ਆਪ ਸੱਲਲਾਹੋ ਅਲੈਹਿ ਵਸਲੱਮ ਦੀ ਤਦਫ਼ੀਨ ਮਗਰੋਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਕਵਿਤਾ ਇਹ ਬਿਆਨ ਕੀਤੀ ਜਾਂਦੀ ਹੈ। ਇਸ ਕਵਿਤਾ ਦਾ ਅਨੁਵਾਦ ਇਹ ਹੈ ਕਿ ਹੇ ਅੱਖ ! ਤੈਨੂੰ ਦੋਵੇਂ ਜਹਾਨਾਂ ਦੇ ਸਰਦਾਰ ਸੱਲਲਾਹੋ ਅਲੈਹਿ ਵਸਲੱਮ ਤੇ ਰੋਣ ਦੇ ਹੱਕ ਦੀ ਕਸਮ ! ਤੂੰ ਰੋਂਦੀ ਰਹਿ ਅਤੇ ਤੇਰੇ ਅੱਥਰੂ ਕਦੇ ਨ ਰੁੱਕਣ। ਹੇ ਅੱਖ ! ਕਬੀਲਾ ਕੁਰੈਸ਼ ਦੇ ਸਰਵੋਤਮ ਮਨੁੱਖ"ਤੇ ਅੱਥਰੂ ਬਹਾ, ਜੋ ਸ਼ਾਮ ਨੂੰ ਕਬਰ'ਚ ਛੁੱਪਾ ਦਿੱਤਾ ਗਿਆ। ਸੋ ਬਾਦਸ਼ਾਹਾਂ ਦੇ ਬਾਦਸ਼ਾਹ, ਬੰਦੀਆਂ ਦੇ ਦੋਸਤ ਅਤੇ ਇਬਾਦਤ ਕਰਨ ਵਾਲੀਆਂ ਦੇ ਰੱਬ ਦਾ ਆਪ ਸੱਲਲਾਹੋ ਅਲੈਹਿ ਵਸਲੱਮ ਤੇ ਦਰੂਦ ਹੋ। ਸੋ ਹਬੀਬ ਸੱਲਲਾਹੋ ਅਲੈਹਿ ਵਸਲੱਮ ਦੇ ਵਿੱਛੜ੍ਹ ਜਾਣ ਮਗਰੋਂ ਹੁਣ ਕੀ ਜ਼ਿੰਦਗੀ, ਦੱਸ ਜਹਾਨਾਂ ਨੂੰ ਖ਼ੁਬਸੂਰਤੀ ਬਖ਼ਸ਼ਣ ਵਾਲੀ ਹਸਤੀ ਦੀ ਜੁਦਾਈ ਦੇ ਬਾਦ ਕਿਹੋ ਜਿਹੀ ਖ਼ੁਬਸੂਰਤੀ। ਸੋ ਜਿਵੇਂ ਅਸੀਂ ਸਾਰੇ ਜ਼ਿੰਦਗੀ'ਚ ਵੀ ਨਾਲ ਸਨ। ਕਾਸ਼ ਮੌਤ ਵੀ ਇੱਕ ਵਾਰ ਸਾਨੂੰ ਘੇਰੇ'ਚ ਲੈ ਲੈਂਦੀ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਬਹੁਤ ਦੂਰ ਅੰਦੇਸ਼ ਸਨ। ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ੀ ਅੱਲਾਹ ਅੰਨਹੋ ਨੇ ਬਿਆਨ ਕੀਤਾ ਹੈ ਕਿ ਨਬੀ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਰੱਬ ਨੇ ਇੱਕ ਬੰਦੇ ਨੂੰ ਚੋਣ ਦਿੱਤੀ ਹੈ ਸੰਸਾਰ ਦਾ ਜਾਂ ਉਸ ਦਾ ਜੋ ਰੱਬ ਦੇ ਪਾਸ ਹੈ। ਤਾਂ ਉਸ ਨੇ ਜੋ ਰੱਬ ਦੇ ਕੋਲ੍ਹ ਹੈ ਉਸ ਨੂੰ ਪਸੰਦ ਕੀਤਾ ਹੈ। ਇਸ'ਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਰੋ ਪਏ। ਤੱਦ ਮੈਂ ਆਪਣੇ ਦਿਲ੍ਹ'ਚ ਕਿਹਾ ਕਿ ਇਸ ਬੁਜ਼ੁਰਗ ਨੂੰ ਕਿਹੜੀ ਗੱਲ੍ਹ ਰੁਲਾ ਰਹਿ ਹੈ। ਆਂਹਜ਼ਰਤ ਸੱਲਲਾਹੋ

ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਅਬੂ ਬਕਰ ਨ ਰੋ। ਤੁਹਾਡੇ'ਚੋਂ ਆਪਣੇ ਸਹਿਯੋਗ ਤੇ ਮਾਲ ਨਾਲ ਮੇਰੇ ਨਾਲ ਨੇਕੀ ਕਰਨ ਵਾਲਾ ਸਭ ਤੋਂ ਵੱਧ ਅਬੂ ਬਕਰ ਹੈ। ਜੇਕਰ ਉੱਮਤ'ਚੋਂ ਮੈਂ ਕਿਸੇ ਨੂੰ ਦੋਸਤ ਬਣਾਉਣ ਵਾਲਾ ਹੁੰਦਾ ਤਾਂ ਮੈਂ ਅਬੂ ਬਕਰ ਨੂੰ ਦੋਸਤ ਬਣਾਉਂਦਾ। ਇਸੇ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਜੱਦ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਜੀਵਨ ਦੇ ਅੰਤਿਮ ਦਿਨ ਆਏ ਤਾਂ ਇੱਕ ਦਿਨ ਆਪ ਸੱਲਲਾਹੋ ਅਲੈਹਿ ਵਸਲੱਮ ਖੜ੍ਹੇ ਹੋਏ ਅਤੇ ਸਹਾਬਾ ਨੂੰ ਫ਼ਰਮਾਇਆ ਕਿ ਹੇ ਲੋਕੋਂ ! ਰੱਬ ਦਾ ਇੱਕ ਬੰਦਾ ਹੈ ਉਸ ਨੂੰ ਉਸ ਦੇ ਰੱਬ ਨੇ ਕਿਹਾ ਹੈ ਕਿ ਹੇ ਮੇਰੇ ਬੰਦੇ ! ਮੈਂ ਤੈਨੂੰ ਹੱਕ ਦਿੰਦਾ ਹਾਂ ਕਿ ਚਾਹੇ ਤਾਂ ਸੰਸਾਰ'ਚ ਰਹਿ ਅਤੇ ਚਾਹੇ ਤਾਂ ਮੇਰੇ ਕੋਲ੍ਹ ਆ ਜਾ। ਇਸ"ਤੇ ਉਸ ਬੰਦੇ ਨੇ ਰੱਬ ਦੀ ਨੇੜ੍ਹਤਾ ਨੂੰ ਪਸੰਦ ਕੀਤਾ। ਜੱਦ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਇਹ ਫ਼ਰਮਾਇਆ ਤੱਦ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਰੋ ਪਏ ਅਤੇ ਆਪ ਦੀ ਹਿਚਕੀ ਬੰਧ ਗਈ ਅੰਤ ਆਪ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਅਬੂ ਬਕਰ ਨਾਲ ਮੈਨੂੰ ਇਨ੍ਹਾਂ ਪ੍ਰੇਮ ਹੈ ਕਿ ਜੇਕਰ ਰੱਬ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਦੋਸਤ ਬਣਾਉਣ ਦੀ ਆਗਿਆ ਹੁੰਦੀ ਤਾਂ ਮੈਂ ਅਬੂ ਬਕਰ ਨੂੰ ਬਣਾਉਂਦਾ

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੱਦ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਇਹ ਆਇਤ اَلۡیَوۡمَ اَکۡمَلۡتُ لَکُمۡ دِیۡنَکُمۡ وَاَتۡمَمۡتُ عَلَیۡکُمۡ نِعۡمَتِیۡ ਪੜ੍ਹੀ ਤਾਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਰੋ ਪਏ ਅਤੇ ਕਿਹਾ ਕਿ ਮੈਨੂੰ ਇਸ ਆਇਤ ਤੋਂ ਆਂਹਜ਼ਰਤ ਸੱਲਲਾਹੋ ਅਲੇਹਿ ਵਸਲੱਮ ਦੇ ਦਿਹਾਂਤ ਦੀ ਬੂ ਆਉਂਦੀ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਾਉਂਦੇ ਹਨ ਕਿ ਨਬੀ ਅਲੈਹਿ ਸਲਾਮ ਮੁਲਾਜ਼ਮਾਂ ਵਾਂਗ ਹੁੰਦੇ ਹਨ ਜਿਵੇਂ ਬੰਦੋ ਬਸਤ ਦਾ ਮੁਲਾਜ਼ਮ ਆਪਣਾ ਕੰਮ ਕਰ ਲੈਂਦਾ ਹੈ ਤਾਂ ਉੱਥੋਂ ਚਲਾ ਜਾਂਦਾ ਹੈ। ਇੰਝ ਹੀ ਨਬੀ ਅਲੈਹਿ ਸਲਾਮ ਜਿਸ ਕੰਮ ਲਈ ਸੰਸਾਰ'ਚ ਆਉਂਦੇ ਹਨ ਅਤੇ ਜੱਦ ਉਸ ਨੂੰ ਕਰ ਲੈਂਦੇ ਹਨ ਤਾ ਉਹ ਇਸ ਸੰਸਾਰ'ਚੋਂ ਪਰਤ ਜਾਂਦੇ ਹਨ। ਸੋ ਜੱਦ اَلۡیَوۡمَ اَکۡمَلۡتُ لَکُمۡ دِیۡنَکُمۡ ਦੀ ਆਵਾਜ਼ ਪਹੁੰਚੀ ਤਾਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਸਮਝ ਲਿਆ ਕਿ ਇਹ ਅੰਤਿਮ ਆਵਾਜ਼ ਹੈ। ਇਸ ਤੋਂ ਸਾਫ਼ ਪ੍ਰਕਟ ਹੁੰਦਾ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਦੂਰਦਰਸ਼ੀ ਬਹੁਤ ਵੱਧੀ ਹੋਈ ਸੀ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੌਲਵੀਆਂ ਨੂੰ ਪੁੱਛੋ ਕਿ ਅਬੂ ਬਕਰ ਸਿਆਣੇ ਸਨ ਕਿ ਨਹੀਂ। ਕੀ ਉਹ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨਹੀਂ ਸਨ, ਜੋ ਸਦੀਕ ਅਖਵਾਏ। ਕੀ ਇਹੀ ਉਹ ਮਨੁੱਖ ਨਹੀਂ ਜੋ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਪਹਿਲੇ ਉੱਤਰ ਅਧਿਕਾਰੀ ਬਣੇ। ਜਿਸ ਨੇ ਇਸਲਾਮ ਦੀ ਬਹੁਤ ਵੱਡੀ ਸੈਵਾ ਕੀਤੀ ਕਿ ਖ਼ਤਰਨਾਕ ਇੰਨਕਾਰ ਦੀ ਹਵਾ ਨੂੰ ਰੋਕ'ਤਾ ਫ਼ਿਰ ਤਕਵਾ ਨਾਲ ਦੱਸੋ ਕਿ ਉਨ੍ਹਾਂ ਨੇ وَمَا مُحَمَّدٌ اِلَّا رَسُوۡلٌ ۚ قَدۡ خَلَتۡ مِنۡ قَبۡلِہِ الرُّسُلُ ਪੜ੍ਹਿਆ ਤਾਂ ਉਸ ਤੋਂ ਸੰਪੂਰਨ ਅਰਥ ਕੱਢਣੇ ਸਨ ਜਾਂ ਅਜੀਹੇ ਅਧੂਰੇ ਕਿ ਇੱਕ ਬੱਚਾ ਵੀ ਕਹਿ ਸਕਦਾ ਕਿ ਈਸਾ ਅਲੈਹਿ

ਸਲਾਮ ਨੂੰ ਮਰਿਆ ਹੋਇਆ ਸਮਝਣ ਵਾਲਾ ਕਾਫ਼ਰ ਹੁੰਦਾ ਹੈ। ਅਰਥਾਤ ਇਹ ਆਇਤ ਪੜ੍ਹਣ ਦਾ ਅਰਥ ਹੀ ਇਹ ਸੀ ਕਿ ਇੱਕ ਵੱਡੀ ਸਪਸ਼ੱਟ ਅਤੇ ਠੋਸ ਦਲੀਲ ਦਿੱਤੀ ਜਾਵੇ ਨ ਕਿ ਅਧੂਰੀ ਦਲੀਲ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ اَلۡيَوۡمَ اَكۡمَلۡتُ لَكُمۡ دِيۡنَكُمۡ ਦੀ ਆਇਤ ਦੋ ਪਹਿਲੂ ਰੱਖਦੀ ਹੈ। ਇੱਕ ਇਹ ਕਿ ਤੁਹਾਨੂੰ ਪਾਕ ਕਰ ਚੁੱਕਿਆ ਅਤੇ ਦੂਜਾ ਕਿਤਾਬ ਸੰਪੂਰਨ ਕਰ ਚੁੱਕਿਆ। ਇਹ ਤੈਅ ਗੱਲ੍ਹ ਹੈ ਕਿ ਜੱਦ ਕੰਮ ਹੋ ਚੁੱਕਦਾ ਹੈ ਤਾਂ ਉਸ ਦਾ ਪੂਰਾ ਹੋਣਾ ਹੀ ਮੌਤ ਦੀ ਦਲੀਲ ਹੈ। ਜਿਵੇਂ ਕਿ ਸੰਸਾਰ'ਚ ਬੰਦੋ ਬਸਤ ਹੁੰਦੇ ਹਨ ਅਤੇ ਜੱਦ ਉਹ ਮੁੱਕਦੇ ਹਨ ਤਾਂ ਮੁਲਾਜ਼ਿਮ ਉੱਥੋਂ ਚਲ੍ਹੇ ਜਾਂਦੇ ਹਨ। ਜੱਦ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਵਾਲਾ ਕਿੱਸਾ ਸੁਣਿਆ ਤਾਂ ਫ਼ਰਮਾਇਆ ਕਿ ਸਭ ਤੋਂ ਸਮਝਦਾਰ ਅਬੂ ਬਕਰ ਹੈ ਅਤੇ ਇਹ ਫ਼ਰਮਾਇਆ ਕਿ ਜੇਕਰ ਸੰਸਾਰ'ਚ ਕਿਸੇ ਨੂੰ ਦੋਸਤ ਰੱਖਦਾ ਤਾਂ ਅਬੂ ਬਕਰ ਨੂੰ ਰੱਖਦਾ। ਅਤੇ ਫ਼ਰਮਾਇਆ ਅਬੂ ਬਕਰ ਦੀ ਖਿੜ੍ਹਕੀ ਮਸਜਿਦ'ਚ ਖੁਲ੍ਹੀ ਰੱਖੋ। ਬਾਕੀ ਸਾਰੀਆਂ ਬੰਦ ਕਰ ਦਿਓ। ਇਸ'ਚ ਸਮਾਨਤਾ ਕੀ ਸੀ ? ਇਸ ਦਾ ਕੀ ਅਰਥ ਸੀ ? ਫ਼ਰਮਾਇਆ : ਯਾਦ ਰੱਖੋ ਕਿ ਮਸਜਿਦ ਰੱਬ ਦਾ ਘਰ ਹੈ ਜੋ ਮੁੱਢ ਹੈ ਸਾਰੀਆਂ ਅਧਿਆਤਮਿਕਤਾਵਾਂ ਦਾ। ਇਸੇ ਲਈ ਫ਼ਰਮਾਇਆ ਕਿ ਅਬੂ ਬਕਰ ਦੀ ਅੰਦਰੂਨੀ ਖਿੜ੍ਹਕੀ ਇਸ ਪਾਸੇ ਹੈ ਤਾਂ ਉਸ ਲਈ ਇਹ ਵੀ ਖਿੜ੍ਹਕੀ ਰੱਖੀ ਜਾਵੇ। ਇਹ ਗੱਲ੍ਹ ਨਹੀਂ ਕਿ ਹੋਰ ਸਹਾਬੀ ਵਾਂਝੇ ਸਨ। ਉਨ੍ਹਾਂ'ਚ ਵੀ ਸਨ ਵੱਡੇ ਵੱਡੇ ਦੂਰ ਅੰਦੇਸ਼ ਪਰ ਸਭ ਤੋਂ ਵੱਧ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਸਨ। ਸਗੋਂ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਵੱਡਿਆਈ ਉਹ ਵਿਅਕਤੀਗਤ ਦੂਰ ਅੰਦੇਸ਼ੀ ਸੀ। ਜਿਸ ਨੇ ਆਰੰਭ'ਚ ਵੀ ਆਪਣਾ ਨਮੂਨਾ ਵਿਖਾਇਆ ਅਤੇ ਅੰਤ'ਚ ਵੀ। ਅਰਥਾਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਹਸਤੀ ਦੂਰ ਅੰਦੇਸ਼ਾਂ ਦਾ ਇੱਕਠ ਸੀ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਸਦੀਕ ਰਜ਼ੀ ਅੱਲਾਹ ਅੰਨਹੋ ਅਨੁਭਵੀ ਤੇ ਦੂਰ ਅੰਦੇਸ਼ ਲੋਕਾਂ'ਚੋਂ ਸਨ। ਆਪ ਰਜ਼ੀ ਅੱਲਾਹ ਅੰਨਹੋ ਨੇ ਬਥੇਰੇ ਔਖੇ ਕਾਰਜ ਤੇ ਉਨ੍ਹਾਂ ਦੀਆਂ ਔਕੜ੍ਹਾਂ ਨੂੰ ਵੇਖਿਆ ਅਤੇ ਕਈ ਜੰਗੀ ਮੌਕੀਆਂ'ਚ ਸ਼ਾਮਿਲ ਹੋਏ ਅਤੇ ਉਨ੍ਹਾਂ ਦੀਆਂ ਜੰਗੀ ਚਾਲਾਂ ਵੇਖਿਆ। ਕਈ ਜ਼ਮੀਨਾਂ ਤੇ ਪਹਾੜ੍ਹ ਰੌਂਦੇ। ਕਿਨ੍ਹੇ ਹੀ ਮਰਨ ਵਾਲੇ ਥਾਂ ਸਨ। ਜਿਨ੍ਹਾਂ'ਚ ਆਪ ਬਿਨ੍ਹਾਂ ਡਰੇ ਘੁੱਸ ਗਏ। ਕਿਨ੍ਹੇ ਹੀ ਵਿੰਗੇ ਰਾਹ ਸਨ, ਜਿਨ੍ਹਾਂ ਨੂੰ ਆਪ ਰਜ਼ੀ ਅੱਲਾਹ ਅੰਨਹੋ ਨੇ ਸਿੱਧਾ ਕੀਤਾ ਕਈ ਜੰਗਾਂ'ਚ ਆਪ ਰਜ਼ੀ ਅੱਲਾਹ ਅੰਨਹੋ ਪਹਿਲਾਂ ਅੱਗੇ ਵਧੇ। ਕਿਨ੍ਹੇ ਹੀ ਫ਼ਸਾਦ ਸਨ ਜਿਨ੍ਹਾਂ ਨੂੰ ਆਪ ਰਜ਼ੀ ਅੱਲਾਹ ਅੰਨਹੋ ਨੇ ਖਤਮ ਕੀਤਾ। ਬਹੁਤ ਸਾਰੀਆ ਰਾਹਾਂ ਪਾਰ ਕੀਤੀਆਂ ਇੱਥੇ ਤੱਕ ਕਿ ਆਪ ਰਜ਼ੀ ਅੱਲਾਹ ਅੰਨਹੋ ਅਨੁਭਵੀ ਤੇ ਦੂਰ ਅੰਦੇਸ਼ ਬਣ ਗਏ। ਆਪ ਰਜ਼ੀ ਅੱਲਾਹ ਅੰਨਹੋ ਮੁਸ਼ਕਿਲਾਂ'ਚ ਸਬਰ ਸੰਤੋਖ ਕਰਨ ਵਾਲੇ ਸਨ। ਸੋ ਰੱਬ ਨੇ ਆਪ ਰਜ਼ੀ ਅੱਲਾਹ ਅੰਨਹੋ ਨੂੰ ਆਪ ਸੱਲਲਾਹੋ ਅਲੈਹਿ ਵਸਲੱਮ ਦੀ ਦੋਸਤੀ ਲਈ ਚੁੱਣਿਆ ਅਤੇ ਆਪ ਦੇ ਪੱਕੇ ਪੈਰ੍ਹੀ ਹੋਣ ਕਰਕੇ ਆਪ ਰਜ਼ੀ ਅੱਲਲਾਹ ਅੰਨਹੋ ਦੀ ਪ੍ਰਸ਼ੰਸ਼ਾ

ਕੀਤੀ। ਇਹ ਸੰਕੇਤ ਸਨ ਇਸ ਗੱਲ੍ਹ ਦਾ ਕਿ ਆਪ ਰਜ਼ੀ ਅੱਲਾਹ ਅੰਨਹੋ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਪਿਆਰੀਆਂ'ਚੋਂ ਸਭ ਤੋਂ ਵੱਧ ਪਿਆਰੇ ਹਨ। ਆਪ ਰਜ਼ੀ ਅੱਲਾਹ ਅੰਨਹੋ ਆਜ਼ਾਦ ਪੈਦਾ ਕੀਤੇ ਗਏ ਅਤੇ ਵਫ਼ਾ ਆਪ ਰਜ਼ੀ ਅੱਲਾਹ ਅੰਨਹੋ ਦੀ ਘੁੱਟੀ'ਚ ਸੀ। ਇਸੇ ਕਰਕੇ ਆਪ ਰਜ਼ੀ ਅੱਲਾਹ ਅੰਨਹੋ ਨੂੰ ਖ਼ੌਫ਼ਨਾਕ ਖ਼ਾਸ ਕੰਮਾਂ ਅਤੇ ਹੋਸ਼ ਉਡਾਉਣ ਵਾਲੇ ਖ਼ੌਫ਼ ਦੇ ਸਮੇਂ ਚੁਣਿਆਂ ਗਿਆ। ਰੱਬ ਜਾਨਣਹਾਰ ਤੇ ਯੁਕਤੀਮਾਨ ਹੈ। ਉਹ ਸਾਰੇ ਕੰਮਾਂ ਨੂੰ ਉਨ੍ਹਾਂ ਦੇ ਮੌਕੇ ਅਨੁਸਾਰ ਰੱਖਦਾ ਹੈ। ਉਸ ਨੇ ਇਬਨੇ ਅਬੂ ਕਹਾਫ਼ਾ'ਤੇ ਖ਼ਾਸ ਕਿਰਪਾ ਕੀਤੀ ਅਤੇ ਉਸ ਨੂੰ ਵੱਡਮੁਲ੍ਹਾ ਮਨੁੱਖ ਬਣਾ'ਤਾ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਖ਼ਵਾਬ ਦਾ ਅਰਥ ਦੱਸਣ ਦਾ ਫ਼ਨ ਵੀ ਖ਼ੂਬ ਆਉਂਦਾ ਸੀ। ਲਿੱਖਿਆ ਹੈ ਕਿ ਖ਼ਵਾਬ ਦਾ ਅਰਥ ਦੱਸਣ'ਚ ਹਜ਼ਰਤ ਅਬੂ ਬਕਰ ਸਦੀਕ ਰਜ਼ੀ ਅੱਲਾਹ ਅੰਨਹੋ ਬਹੁਤ ਹੁੰਨਰ ਰੱਖਦੇ ਸਨ। ਇੱਥੇ ਤੱਕ ਕਿ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਦੇ ਸਮੇਂ'ਚ ਆਪ ਰਜ਼ੀ ਅੱਲਾਹ ਅੰਨਹੋ ਖ਼ਵਾਬਾਂ ਦੇ ਅਰਥ ਦੱਸਿਆ ਕਰਦੇ ਸਨ। ਇਮਾਮ ਮੁੰਹਮਦ ਬਿਨ ਸੀਰੀਨ ਫ਼ਰਮਾਉਂਦੇ ਹਨ ਕਿ ਰਸੂਲੁੱਲਾਹ ਸੱਲਲਾਹ ਅਲੈਹਿ ਵਸਲੱਮ ਦੇ ਬਾਦ ਹਜ਼ਰਤ ਅਬੂ ਬਕਰ ਸਦੀਕ ਰਜ਼ੀ ਅੱਲਾਹ ਅੰਨਹੋ ਸਭ ਤੋਂ ਵੱਧ ਖ਼ਵਾਬਾਂ ਦੇ ਅਰਥ ਦੱਸਣ ਵਾਲੇ ਸਨ।

ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਦੀ ਗ਼ੈਰ ਹਾਜ਼ਰੀ'ਚ ਜਿੰਨ੍ਹਾਂ ਲੋਕਾਂ ਨੂੰ ਮਸਜਿਦ ਨਬਵੀ'ਚ ਨਮਾਜ਼ ਪੜ੍ਹਾਉਣ ਦਾ ਸੋਭਾਗ ਪ੍ਰਾਪਤ ਹੋਇਆ। ਉਨ੍ਹਾਂ'ਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਵੀ ਸ਼ਾਮਿਲ ਹਨ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਇੱਕ ਖ਼ਾਸ ਖ਼ੂਬੀ ਇਹ ਵੀ ਹੈ ਕਿ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਅੰਤਿਮ ਦਿਨ੍ਹਾਂ'ਚ ਖ਼ਾਸ ਤੌਰ'ਤੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਹੁਕਮ ਅਨੁਸਾਰ ਨਮਾਜ਼ਾਂ ਪੜ੍ਹਾਉਣ ਦਾ ਸੁਭਾਗ ਪ੍ਰਾਪਤ ਹੋਇਆ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਨੇ ਬਿਆਨ ਕੀਤਾ ਕਿ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੱਦ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਹੋਣ ਤਾਂ ਮੁਨਾਸਿਬ ਨਹੀਂ ਕਿ ਕੋਈ ਹੋਰ ਇਮਾਮਤ ਕਰਵਾਏ।

ਹਜ਼ੂਰ ਅਨਵਰ ਨੇ ਅੰਤ'ਚ ਫ਼ਰਮਾਇਆ ਕਿ ਇਹ ਜ਼ਿਕਰ ਅੱਗੇ ਵੀ ਬਿਆਨ ਹੋਵੇਗਾ। ਇੰਸ਼ਾ ਅੱਲਾਹ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ.